## ਸ਼ੇਖ ਫ਼ਰੀਦ - ਸਬਦ ੩੭

ਨਾਤੀ ਧੋਤੀ ਸੰਬਹੀ ਸੁਤੀ ਆਇ ਨਚਿੰਦੁ ॥

ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੭੯

ਨਾਤੀ ਧੋਤੀ ਸੰਬਹੀ ਸੁਤੀ ਆਇ ਨਚਿੰਦੁ ॥
ਫਰੀਦਾ ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ ॥੩੩॥

ਸਾਰ: ਬਹੁਤ ਸਾਰੀਆਂ ਧਾਰਮਿਕ ਪਰੰਪਰਾਵਾਂ ਵਿਚ, ਕਰਮਕਾਂਡੀ ਰਸਮਾਂ, ਸ਼ੁੱਧਤਾ ਅਤੇ ਬਾਹਰੀ ਮਰਿਯਾਦਾ ਨੂੰ ਸ਼ਰਧਾ ਦੇ ਜ਼ਰੂਰੀ ਪ੍ਰਗਟਾਵੇ ਮੰਨਿਆ ਜਾਂਦਾ ਹੈ। ਪਰ, ਇਹ ਦ੍ਰਿਸ਼ਟੀਕੋਣ ਗੂੜ੍ਹ ਬਿਬੇਕ ਲਈ ਸਾਡੀ ਖੋਜ ਵਿਚ ਰੁਕਾਵਟ ਪਾ ਸਕਦਾ ਹੈ। ਇਹ ਸਾਨੂੰ ਸੋਚਣ ਲਈ ਪ੍ਰੇਰਿਤ ਕਰਦਾ ਹੈ: ਕੀ ਅਸੀਂ ਸੱਚਮੁੱਚ ਆਪਣੇ ਮੂਲ ਤੱਤ ਨੂੰ ਵਿਗਸਤ ਕਰ ਰਹੇ ਹਾਂ, ਜਾਂ ਸਿਰਫ਼ ਆਪਣੀ ਬਾਹਰੀ ਦਿੱਖ ਹੀ ਸੰਵਾਰ ਰਹੇ ਹਾਂ? ਅੰਤਰੀਵੀ ਜਾਗਰੂਕਤਾ ਤੋਂ ਬਿਨਾਂ ਬਾਹਰੀ ਨਿਰਮਲਤਾ 'ਤੇ ਜ਼ੋਰ ਦੇਣਾ ਬੇਡੋਲਤਾ, ਜਾਂ ਰੂਹਾਨੀ ਅਨੁਭਵ ਪ੍ਰਾਪਤ ਕਰਨ ਦਾ ਇਕ ਗਲਤ ਯਤਨ ਹੈ। ਇਹ ਗਲਤ ਧਾਰਨਾ ਸਵੈ-ਧੋਖੇ ਵੱਲ ਲੈ ਜਾ ਸਕਦੀ ਹੈ, ਜਿਵੇਂ ਕਿ ਧੂਪ ਦੀ ਮਹਿਕ ਨੂੰ ਕੁਦਰਤੀ ਸਵੈ ਖੁਸ਼ਬੂ ਸਮਝਣ ਦੀ ਗਲਤੀ। ਸੱਚੀ ਰੂਹਾਨੀਅਤ ਸਾਨੂੰ ਦਿਖਾਵੇ ਤਿਆਗਣ ਅਤੇ ਪ੍ਰਮਾਣਿਕਤਾ ਨੂੰ ਗਲਵਕੜੀ ਵਿਚ ਲੈਣ ਬਾਰੇ ਕਹਿੰਦੀ ਹੈ। ਇਹ ਅੰਤਰੀਵੀ ਪਰਿਵਰਤਨ ਸਦੀਵੀ ਜਾਗਰੂਕਤਾ ਦੇ ਤੱਤਸਾਰ ਨੂੰ ਪ੍ਰਗਟ ਕਰਦਾ ਹੈ ਅਤੇ ਸਾਨੂੰ ਸੱਚੀ ਰੂਹਾਨੀ ਪੂਰਤੀ ਵੱਲ ਸੇਧਿਤ ਕਰਦਾ ਹੈ।

ਨਾਤੀ ਧੋਤੀ ਸੰਬਹੀ ਸੁਤੀ ਆਇ ਨਚਿੰਦੁ ॥

ਨਹਾਉਣ, ਧੋਣ ਅਤੇ ਆਪਣੇ ਆਪ ਨੂੰ ਸਜਾਉਣ ਤੋਂ ਬਾਅਦ, ਉਹ ਵਾਪਸ ਸੌਂ ਜਾਂਦੀ ਹੈ, ਬਿਨਾਂ ਕਿਸੇ ਪਰੇਸ਼ਾਨੀ ਦੇ। ਇਹ ਰਸਮ ਅਤੇ ਅਰਾਮਦਾਇਕਤਾ ਇਕ ਅਜਿਹੀ ਮਨੋਬਿਰਤੀ ਨੂੰ ਪ੍ਰਗਟ ਕਰਦੀ ਹੈ ਜੋ ਬਾਹਰੀ ਮਰਿਯਾਦਾ ਅਤੇ ਸ਼ਰਧਾ 'ਤੇ ਭਰੋਸਾ ਰੱਖਦੀ ਹੋਈ ਸਿਰਫ਼ ਇਸ ਨੂੰ ਰੂਹਾਨੀ ਗਿਆਨ ਵੱਲ ਲੈ ਜਾਣ ਦਾ ਸਾਧਨ ਸਵਿਕਾਰਦੀ ਹੈ।

ਫਰੀਦਾ ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ ॥੩੩॥

ਫਰੀਦ ਕਹਿੰਦੇ ਹਨ ਕਿ ਹਿੰਗ ਦੀ ਤਿੱਖੀ ਗੰਧ ਅਜੇ ਵੀ ਬਰਕਰਾਰ ਹੈ, ਅਤੇ ਕਸਤੂਰੀ ਦੀ ਮਿੱਠੀ ਖੁਸ਼ਬੂ ਅਲੋਪ ਹੋ ਗਈ ਹੈ, ਜੋ ਇਸ ਤੱਥ ਦਾ ਪ੍ਰਤੀਕ ਹੈ ਕਿ ਅਗਿਆਨਤਾ ਜਾਗਰੂਕਤਾ 'ਤੇ ਹਾਵੀ ਹੋ ਗਈ ਹੈ। (੩੩)

ਤੱਤ: ਸੇਖ ਫਰੀਦ ਬਾਹਰੀ ਯਤਨਾਂ ਅਤੇ ਅੰਦਰੂਨੀ ਤੱਤਸਾਰ ਵਿਚ ਅੰਤਰ ਸਮਝਾਉਂਦੇ ਹਨ। ਉਹ ਉਹਨਾਂ ਦਾ ਦ੍ਰਿਸ਼ਟਾਂਤ ਪੇਸ਼ ਕਰਦੇ ਹਨ ਜੋ ਬਾਹਰੀ ਕਰਮਕਾਂਡੀ ਇਸ਼ਨਾਨ ਕਰ ਇਸ ਵਿਸ਼ਵਾਸ ਨਾਲ ਸੁਰਖ਼ਰੂ ਹੋ ਅਰਾਮ ਕਰਦੇ ਹਨ ਕਿ ਕਾਫ਼ੀ ਉੱਦਮ ਕਰ ਲਿਆ ਹੈ। ਭਾਵੇਂ, ਇਨ੍ਹਾਂ ਯਤਨਾਂ ਦੇ ਬਾਵਜੂਦ, ਉਹਨਾਂ ਵਿਚ ਅਜੇ ਵੀ ਅਣਸੁਖਾਵੀਂ ਗੰਧ ਹੈ ਅਤੇ ਮਹਿਕ ਦੀ ਘਾਟ ਮਹਿਸੂਸ ਕਰਦੇ ਹਨ । ਰੂਹਾਨੀ ਤੌਰ 'ਤੇ, ਇਹ ਉਹਨਾਂ ਵਿਅਕਤੀਆਂ ਨੂੰ ਦਰਸਾਉਂਦਾ ਹੈ ਜੋ ਸੋਚਦੇ ਹਨ ਕਿ ਉਹਨਾਂ ਦੁਆਰਾ ਨਿਭਾਈ ਜਾਂਦੀ ਬਾਹਰੀ ਮਰਿਯਾਦਾ ਜਾਂ ਧਾਰਮਿਕ ਦਿੱਖ ਗਿਆਨ ਪ੍ਰਾਪਤ ਕਰਨ ਲਈ ਕਾਫ਼ੀ ਹੈ। ਉਹਨਾਂ ਦੁਆਰਾ ਕੀਤੇ ਸਾਰੇ ਕਰਮ ਕਾਂਡੀ ਯਤਨਾਂ ਦੇ ਬਾਵਜੂਦ, ਉਹ ਅਜੇ ਵੀ ਹਉਮੈ ਅਤੇ ਅਗਿਆਨਤਾ ਦੀ ਅਣਸੁਖਾਵੀਂ ਭਾਵਨਾ ਨੂੰ ਸਹਿਣ ਕਰਦੇ ਹਨ , ਜੋ ਨਿਮਰਤਾ ਅਤੇ ਜਾਗਰੂਕਤਾ ਦੀ ਸੁੰਦਰਤਾ ਨੂੰ ਕੱਜ ਦਿੰਦੀ ਹੈ। ਇਹ ਸੰਦੇਸ਼ ਅੰਦਰੂਨੀ ਨਿਰਮਲਤਾ ਲਈ ਇਕ ਸੱਦ ਹੈ ਜੋ ਸਿਰਫ਼ ਰਸਮਾਂ ਅਤੇ ਦਿੱਖਾਂ ਤੋਂ ਪਰੇ, ਸਾਨੂੰ ਅੰਦਰੋਂ ਸੱਚਾ ਗਿਆਨ ਪ੍ਰਾਪਤ ਕਰਨ ਦੀ ਤਾਕੀਦ ਕਰਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**